ਖ਼ੂਨ ਵਿਚਲੇ ਗਲੂਕੋਜ਼ ਦੀ ਜਾਂਚ ਕਰਨਾ



ਖ਼ੂਨ ਵਿਚਲੇ ਗਲੂਕੋਜ਼ ਦੀ ਜਾਂਚ ਕਰਨ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਧੋ ਲਵੋ ਅਤੇ ਸੁਕਾ ਲਵੋ।



ਜਾਂਚ ਸਟ੍ਰਿਪ ਵਾਲੀ ਡੱਬੀ 'ਤੇ ਉਪਯੋਗ ਦੀ ਆਖਰੀ ਤਾਰੀਖ਼ ਦੇਖੋ। ਉਪਯੋਗ ਦੀ ਆਖਰੀ ਤਾਰੀਖ਼ ਤੋਂ ਬਾਅਦ ਜਾਂਚ ਸਟ੍ਰਿਪਆਂ ਦੀ ਵਰਤੋਂ ਨਾ ਕਰੋ।



ਜਾਂਚ ਸਟ੍ਰਿਪ ਵਾਲੀ ਡੱਬੀ 'ਚੋਂ ਇੱਕ ਜਾਂਚ ਸਟ੍ਰਿਪ ਬਾਹਰ ਕੱਢੋ। ਢੱਕਣ ਕਸ ਕੇ ਬੰਦ ਕਰ ਦਿਉ।



ਜਾਂਚ ਸਟ੍ਰਿਪ ਨੂੰ ਮੀਟਰ ਵਿੱਚ ਤੀਰਾਂ ਦੀ ਦਿਸ਼ਾ ਵਿੱਚ ਮੀਟਰ ਦੇ ਆਵਾਜ਼ ਕਰਨ ਤੀਕ ਪਾਉ।



ਇੱਕ ਲਿਸ਼ਕਵਾਂ ਖ਼ੂਨ ਦੀ ਬੂੰਦ ਦਾ ਨਿਸ਼ਾਨ ਦਿਖਣ ਲੱਗ ਪਵੇਗਾ।



ਲੈਂਸਿੰਗ ਡਿਵਾਈਸ ਨੂੰ ਉਂਗਲੀ ਦੇ ਪੋਰ ਦੇ ਸਿਰੇ ਦੇ ਉੱਪਰ ਮਜ਼ਬੂਤੀ ਨਾਲ ਫੜ ਕੇ ਰੱਖੋ ਅਤੇ ਆਪਣੀ ਉਂਗਲੀ ਨੂੰ ਵਿੰਨ੍ਹਣ ਲਈ ਰੀਲੀਜ਼ ਬਟਨ ਨੂੰ ਦੱਬੋ।



ਜਾਂਚ ਸਟ੍ਰਿਪ ਦੇ ਅੰਤਲੇ ਹਿੱਸੇ ਨੂੰ ਖ਼ੂਨ ਦੀ ਬੂੰਦ ਨਾਲ ਛੁਹਾਓ। ਜਾਂਚ ਸਟ੍ਰਿਪ ਦੇ ਸਿਖ਼ਰ 'ਤੇ ਖ਼ੂਨ ਨਾ ਲਗਾਉ।



ਜਦੋਂ ਜਾਂਚ ਸਟ੍ਰਿਪ ਵਿੱਚ ਖ਼ੂਨ ਕਾਫ਼ੀ ਹੋ ਜਾਂਦਾ ਹੈ ਤਾਂ ਮੀਟਰ ਆਵਾਜ਼ ਕਰਦਾ ਹੈ ਅਤੇ ⌛ ਲਿਸ਼ਕਣ ਲੱਗਦਾ ਹੈ।



5 ਸਕਿੰਟਾਂ ਪਿੱਛੋਂ ਜਾਂਚ ਦਾ ਨਤੀਜਾ ਡਿਸਪਲੇ (ਸਕਰੀਨ) 'ਤੇ ਦਿਖਣ ਲੱਗਦਾ ਹੈ।

ਲੈਂਸਿੰਗ ਡਿਵਾਈਸ ਨੂੰ ਅਗਲੀ ਜਾਂਚ ਲਈ ਤਿਆਰ ਕਰੋ। ਅਗਲੀ ਵਾਰ ਵਿੰਨ੍ਹਣ ਲਈ ਲੀਵਰ ਨੂੰ ਦੂਜੇ ਪਾਸੇ ਅਤੇ ਫਿਰ ਵਾਪਸ ਸਰਕਾਉ। ਵਿੰਡੋ ਬਾਕੀ ਬਚੇ ਲੈਂਸੇਟਾਂ ਦੀ ਸੰਖਿਆ ਦਿਖਾਉਂਦੀ ਹੈ।

ਲੈਂਸਿੰਗ ਡਿਵਾਈਸ ਨੂੰ ਸੈਟ-ਅਪ ਕਰਨਾ

Roche

1



ਐਕਯੂ-ਚੈਕ ਫਾਸਟਕਲਿਕਸ ਲੈਂਸਿੰਗ ਡਿਵਾਈਸ ਨਾਲ ਖੁਦ ਨੂੰ ਪਰਿਚਿਤ ਕਰਾਉ।

2



ਕੈਰੀ ਕੇਸ ਵਿਚਲੀ ਜੇਬ ’ਚੋਂ ਲੈਂਸੇਟ ਡਰੰਮ ਲਉ।

1 ਡਰੰਮ = 6 ਲੈਂਸੇਟਾਂ



ਨੋਟ
ਹਰੇਕ ਡਰੰਮ ‘ਚ 6 ਰੋਗਾਣੂ-ਰਹਿਤ ਲੈਂਸੇਟਾਂ ਹਨ।

3



ਢੱਕਣ ਨੂੰ ਸਿੱਧਾ ਖਿੱਚ ਕੇ ਹਟਾ ਲਵੋ। ਢੱਕਣ ਨੂੰ ਨਾ ਮਰੋੜੋ।

⚠ ਚੇਤਾਵਨੀ
ਤੁਸੀਂ ਲੈਂਸਿੰਗ ਡਿਵਾਈਸ ‘ਚ ਲੈਂਸੇਟ ਡਰੰਮ ਨੂੰ ਦਾਖ਼ਲ ਕਰਨ ਵੇਲੇ ਰੀਲੀਜ਼ ਬਟਨ ਨੂੰ ਨਹੀਂ ਦੱਬਣਾ ਹੈ ਜਾਂ ਲੈਂਸਿੰਗ ਡਿਵਾਈਸ ਨੂੰ ਇਸ ਤਰਾਂ ਨਹੀਂ ਫੜਨਾ ਹੈ ਕਿ ਰੀਲੀਜ਼ ਬਟਨ ਕਿਸੇ ਸਤਹ ਜਿਵੇਂ ਕਿ ਮੇਜ ਉੱਤੇ ਟਿਕਿਆ ਹੋਵੇ। ਇਹ ਲੈਂਸੇਟ ਨੂੰ ਰੀਲੀਜ਼ ਕਰ ਸਕਦਾ ਹੈ ਅਤੇ ਅਣਜਾਣੇ ਜ਼ਖ਼ਮ ਕਰ ਸਕਦਾ ਹੈ।

4



ਲੈਂਸਿੰਗ ਡਿਵਾਈਸ ਵਿੱਚ ਲੈਂਸੇਟ ਡਰੰਮ, ਪਹਿਲਾਂ ਚਿੱਟੇ ਸਿਰੇ, ਨੂੰ ਦਾਖ਼ਲ ਕਰੋ। ਲੈਂਸੇਟ ਡਰੰਮ ਨੂੰ ਉਦੋਂ ਤੱਕ ਧੱਕੋ ਜਦੋਂ ਤੱਕ ਇਹ ਆਪਣੀ ਜਗ੍ਹਾ ’ਤੇ ਫਿਟ ਨਾ ਹੋ ਜਾਵੇ।

ਨੋਟ
ਜਦੋਂ ਤੱਕ ਕਿ ਸਾਰੇ ਦੇ ਸਾਰੇ 6 ਲੈਂਸੇਟ ਇਸਤੇਮਾਲ ਨਾ ਹੋ ਜਾਣ ਉਦੋਂ ਤੱਕ ਲੈਂਸੇਟ ਡਰੰਮ ਨੂੰ ਨਾ ਹਟਾਉ ਕਿਉਂਕਿ ਇੱਕ ਵਾਰ ਹਟਾਏ ਜਾਣ ’ਤੇ ਡਰੰਮ ਨੂੰ ਦੁਬਾਰਾ ਨਹੀਂ ਵਰਤਿਆ ਜਾ ਸਕਦਾ।

5



ਲੈਂਸਿੰਗ ਡਿਵਾਈਸ ’ਤੇ ਦੁਬਾਰਾ ਢੱਕਣ ਲਗਾ ਦਿਉ। ਸੁਨਿਸ਼ਚਿਤ ਕਰੋ ਕਿ ਢੱਕਣ ਉਤਲਾ ਟੱਕ ਅਤੇ ਲੈਂਸਿੰਗ ਡਿਵਾਈਸ ਉਤਲਾ ਟੱਕ ਇੱਕੋ ਲਾਈਨ ’ਚ ਹੋਣ।

6



ਲੈਂਸੇਟ ਡੂੰਘਾਈ ਨੂੰ ਇੱਕ ਸੁਖਦਾਈ ਵਿੰਨ੍ਹਣ ਪੱਧਰ ’ਤੇ ਸੈੱਟ ਕਰੋ। 2 ਤੋਂ ਸ਼ੁਰੂ ਕਰੋ। ਸਖਤ ਚਮੜੀ ਲਈ, ਉਚੇਰੇ ਨੰਬਰ ’ਤੇ ਸੈੱਟ ਕਰੋ।

ਜਾਂਚ ਲਈ ਤਿਆਰ ਹੋਣ ’ਤੇ...

ਲੈਂਸਿੰਗ ਡਿਵਾਈਸ ਦੀ ਵਰਤੋਂ: ਰੀਲੀਜ਼ ਬਟਨ ਨੂੰ ਦੱਬਣ ਨਾਲ, ਲੈਂਸਿੰਗ ਡਿਵਾਈਸ ਤਿਆਰ ਹੋ ਜਾਂਦਾ ਹੈ ਅਤੇ 1 ਕਲਿੱਕ ਨਾਲ ਵਿੰਨ੍ਹ ਦਿੰਦਾ ਹੈ।

Roche Diabetes Care GmbH
Accu-Chek Kundsupport, ਟੈਲੀਫੋਨ: 020-41 00 42, ਈਮੇਲ: info@accu-chek.se, **www.accu-chek.se**

ACCU-CHEK®